## ਮੈਂਬਰਸ਼ਿਪ ਦਾ ਮਤਲਬ ਹੈ

ਸਰਜਰੀ ਤੋਂ ਬਾਦ ਸਿਖਲਾਈ, ਦੋਸਤਾਂ ਦੀ ਮਦਦ ਅਤੇ ਸਮਾਜਿਕ ਨੈਟਵਰਕਿੰਗ ਨਾਲ ***ਬਚਾਅ ਅਤੇ ਪਰਫੁੱਲਤਾ*** ਵਾਸਤੇ।

**ਸਾਡਾ ਇਹ ਚੈਪਟਰ 9 ਮਾਸਿਕ ਮੀਟਿੰਗਾਂ ਰਖਦਾ ਹੈ,** ਮੈਂਬਰਾਂ ਨੂੰ ਮੈਡੀਕਲ ਦੇ ਮਾਹਿਰਾਂ ਨਾਲ ਮਿਲਣ ਦਾ ਮੌਕਾ ਦਿੰਦੇ ਹੋਏ ਅਤੇ ਸਬੰਧਿਤ ਵਿਸ਼ੇ ਤੇ ਨਵੀਂ ਜਾਣਕਾਰੀ ਸਿਖਣ ਲਈ:

- ਮੈਡੀਕਲ ਪੇਸ਼ੇ ਅਤੇ ਕਮਿਊਨਿਟੀ ਸੇਵਾਂਵਾਂ ਵਲੋਂ ਸਿਖਲਾਈ ਵਾਸਤੇ ਬੁਲਾਰੇ
- ਉਤਪਾਦਕਾਂ ਨਾਲ ਮਿਲਣ ਦਾ ਮੌਕਾ ਦੇਣਾ ਕਿ ਉਹਨਾਂ ਦੇ ਨਵੇਂ ਸਮਾਨ ਬਾਰੇ ਸਿਖਿਆ ਜਾ ਸਕੇ ਅਤੇ ਮੌਜੂਦਾ ਸਮਾਨ ਨੂੰ ਕਿਸ ਤਰਾਂ ਸਹੀ ਤਰੀਕੇ ਨਾਲ ਇਸਤੇਮਾਲ ਕਰਨਾ ਹੈ, ਬਾਰੇ ਗਲ ਬਾਤ ਕਰਨੀ
- ਮੈਡੀਕਲ ਦੇ ਮਾਹਿਰਾਂ ਨਾਲ ਆਰ.ਏ.ਪੀ. ਸੈਸ਼ਨ।
- ਅਰੋਰਾ/ਨਿਊਮਾਰਕਿਟ/ਰਿਚਮੰਡ ਹਿਲ, ਬੈਰੀ/ਔਰੀਲੀਆ/ਮਸਕੋਕਾ ਵਿਚ ਸੈਟੇਲਾਈਟ ਮੀਟਿੰਗਾਂ

20 **ਪਬਲੀਕੇਸ਼ਨ ਨੂੰ ਮੁਫਤ ਪਹੁੰਚਾਣਾ:**

- ਚੈਪਟਰ ਦੀਆਂ ਦਸ ਮਾਸਿਕ ਖਬਰਾਂ ਦੀ ਚਿੱਠੀ
- ਅੱਠ ਮਾਸਿਕ ਯੂ.ਔ.ਏ.ਸੀ. ਦੀ ਖਬਰਾਂ ਦੀ ਚਿੱਠੀ
- ਦੋ ਔਸਟੋਮੀ ਕੈਨੇਡਾ ਦੇ ਮੈਗਜ਼ੀਨ

**ਔਸਟੋਮੀ ਟਰਾਂਟੋ ਦੀਆਂ ਵਿਸਥਾਰਿਤ ਕਿਤਾਬਾਂ, ਵਿਡੀਉ ਅਤੇ ਰੀਸੋਰਸ ਸੈਂਟਰ ਦੀ ਲਾਇਬਰੇਰੀ ਤਕ ਪਹੁੰਚ।**

ਸਾਡੇ **ਯੰਗ ਮੈਂਬਰ 20/40 ਗਰੁੱਪ** ਅਤੇ ਸਮਾਜਿਕ ਕੰਮਾਂ ਦੀ ਮੈਂਬਰਸ਼ਿਪ।

***“ਬਚਾਅ ਅਤੇ ਪਰਫੁੱਲਤਾ”***
***ਔਸਟੋਮੀ ਟਰਾਂਟੋ ਦੀ ਮਦਦ ਦੇ ਨਾਲ***

## ਔਸਟੋਮੀ ਟਰਾਂਟੋ ਬਾਰੇ

1958 ਵਿਚ ਸਥਾਪਿਤ ਹੋਈ ਔਸਟੋਮੀ ਟਰਾਂਟੋ ਇਕ ਵਾਲੰਟੀਅਰ ਸੰਸਥਾ ਹੈ ਜੋ ਕਿ ਔਸਟੋਮੀ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਬੇਹਤਰੀ ਲਈ ਸਮੱਰਪਿਤ ਹੈ।

## ਮਿਸ਼ਨ ਸਟੇਟਮੈਂਟ

ਅਸੀਂ ਇਕ ਸੇਵਾਵਾਂ ਦੇ ਆਧਾਰਿਤ ਦੇਖ ਭਾਲ ਕਰਨ ਵਾਲੇ ਵਾਲੰਟੀਅਰ ਹਾਂ ਜੋ ਉਹਨਾਂ ਸਾਰਿਆਂ ਦੀ ਮਦਦ ਲਈ ਸਮਰਪਨ ਹਾਂ ਜ਼ਿਨਾਂ ਦੀ ਔਸਟੋਮੀ ਗੈਸਟਰੋਇਨਟੈਸਟਾਈਨਲ ਯਾ ਯੂਰੀਨਰੀ ਬਦਲਾਹਟ ਕਰਕੇ ਹੋਈ ਹੈ।

ਔਸਟੋਮੀ ਟਰਾਂਟੋ ਮਾਨਸਿਕ ਮਦਦ, ਮਾਹਿਰਾਂ ਵਲੋਂ ਕਿਰਿਆਤਮਕ ਮਦਦ ਅਤੇ ਪਰਿਵਾਰ, ਦੇਖ ਭਾਲ ਕਰਨ ਵਾਲਿਆਂ ਅਤੇ ਆਮ ਜਨਤਾ ਲਈ ਸਥਾਪਿਤ ਹੈ।

***“ਬਚਾਅ ਅਤੇ ਪਰਫੁੱਲਤਾ”***
***ਔਸਟੋਮੀ ਟਰਾਂਟੋ ਦੀ ਮਦਦ ਦੇ ਨਾਲ***

# ਔਸਟੋਮੀ ਟਰਾਂਟੋ

344 ਬਲੂਅਰ ਸਟਰੀਟ ਵੈਸਟ, ਕਮਰਾ # 501
ਟਰਾਂਟੋ, ਔਨਟੈਰੀਓ M5S 3A7

416-596-7718 ਸਿੱਧੀ ਲਾਈਨ
ਜਾਂ 416-631-7094
416-596-8250 ਫੈਕਸ
ਈ ਮੇਲ: info@ostomytoronto.com
ਵੈਬ ਸਾਈਟ: www.ostomytoronto.com

ਔਸਟੋਮੀ ਟਰਾਂਟੋ ਇਕ ਰਜਿਸਟਰਡ ਚੈਰਿਟੀ ਹੈ:
#11907 1009 RR001
*ਪਬਲੀਕੇਸ਼ਨ D27106*

# OSTOMY TORONTO



## ਔਸਟੋਮੀ ਕੀ ਹੈ?

ਔਸਟੋਮੀ ਇਕ ਸਰਜਰੀ ਦੀ ਕਾਰਵਾਈ ਹੈ ਜੋ ਕਿ ਸਰੀਰ ਦੇ ਫੋਕਟ ਪਦਾਰਥਾਂ ਨੂੰ ਖਤਮ ਕਰਨ ਲਈ ਇਕ ਆਰਟੀਫੀਸ਼ਲ ਰਸਤਾ ਬਣਾਇਆ ਜਾਂਦਾ ਹੈ, ਜਿਸ ਵਿਚ ਔਸਟੋਮੀ ਬੈਗ ਪਾਉਣ ਦੀ ਲੋੜ ਪੈਂਦੀ ਹੈ।

## ਤੁਹਾਨੂੰ ਔਸਟੋਮੀ ਸਰਜਰੀ ਦੀ ਕਿਉਂ ਲੋੜ ਪੈ ਸਕਦੀ ਹੈ?

ਮੈਡੀਕਲ ਹਾਲਤਾਂ ਜਿਨਾਂ ਕਰਕੇ ਔਸਟੋਮੀ ਦੀ ਸਰਜਰੀ ਹੁੰਦੀ ਹੈ ਵਿਚ ਸ਼ਾਮਿਲ ਹਨ ਕੈਂਸਰ, ਅਲਸਰੇਟਿਵ ਕੋਲਾਈਟਸ, ਕਰੋਨ ਦੀ ਬੀਮਾਰੀ , ਜਮਾਂਦਰੂ ਨੁਕਸ ਅਤੇ ਸ਼ਰੀਰਕ ਚੋਟ।

**ਔਸਟੋਮੀ ਟਰਾਂਟੋ, ਔਸਟੋਮੀ ਸਰਜਰੀ ਤੋਂ ਪਹਿਲਾਂ ਅਤੇ ਬਾਦ ਸਾਰੇ ਲੋਕਾਂ ਦੀ ਮਦਦ ਲਈ ਸਮਰਪਨ ਹੈ।**

## ਸੇਵਾਵਾਂ ਜੋ ਅਸੀਂ ਪ੍ਰਦਾਨ ਕਰਦੇ ਹਾਂ:

**ਸਿਖਲਾਈ** ਔਸਟੋਮੀ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ, ਮੈਡੀਕਲ ਕਮਿਊਨਿਟੀ ਅਤੇ ਆਮ ਪਬਲਿਕ ਲਈ ਔਸਟੋਮੀ ਦੀ ਦੇਖ ਭਾਲ ਲਈ ਪ੍ਰਬੰਧ ਕਰਨਾ।

**ਅਮਲੀ ਤੌਰ ਤੇ ਮਦਦ** ਮਰੀਜ਼ਾਂ ਦੀ ਮੁਲਾਕਾਤ ਵਾਸਤੇ ਪ੍ਰੋਗ੍ਰਾਮਾਂ ਰਾਂਹੀ, ਮਾਸਿਕ ਮੀਟਿੰਗਾਂ ਤੇ ਦੋਸਤਾਂ ਦੀ ਮਦਦ ਨਾਲ, ਅਤੇ ਆਰ.ਏ.ਪੀ. ਸੈਸ਼ਨ ਰਾਂਹੀ ਜੋ ਕਿ ਐਨਟਰੋਸਟੋਮਲ ਥੈਰਿਪਿਸਟ (ਈ ਟੀ) ਵਲੋਂ ਹੁੰਦਾ ਹੈ।

**ਸਮਾਜਿਕ ਮੇਲ ਜੋਲ** ਮੈਂਬਰਾਂ ਨੂੰ ਦੂਸਰੇ ਔਸਟੋਮੀ ਵਾਲਿਆਂ ਨਾਲ ਮਿਲਾਂਦਾ ਹੈ ਅਤੇ ਔਸਟੋਮੀ ਨਾਲ ਸਫਲਤਾ ਪੂਰਵਕ ਰਹਿਣ ਦੇ ਰਾਜ਼ ਸਿਖਾਂਦਾ ਹੈ।

## ਸਿਖਲਾਈ ਦੀਆਂ ਸੇਵਾਵਾਂ

ਔਸਟੋਮੀ ਟਰਾਂਟੋ ਦਾ ਵਿਸ਼ਵਾਸ ਹੈ ਕਿ ਸਿਖਲਾਈ ਅਤੇ ਦੋਸਤਾਂ ਦੀ ਮਦਦ ਔਸਟੋਮੀ ਵਾਲਿਆਂ ਦੀ ਜ਼ਿੰਦਗੀ ਲਈ ਵਿਸ਼ੇਸ਼ ਮਹਤਤਾ ਰੱਖਦੀ ਹੈ।

ਅਸੀਂ ਉਚ ਦਰਜੇ ਦੀ ਸਿਖਲਾਈ ਕਈ ਤਰੀਕਿਆਂ ਨਾਲ ਪ੍ਰਦਾਨ ਕਰਦੇ ਹਾਂ:

- ਤਜੁਰਬੇਕਾਰ ਬੁਲਾਰੇ
- ਮੈਡੀਕਲ ਦੇ ਮਾਹਿਰਾਂ ਨਾਲ ਆਰ.ਏ.ਪੀ. ਸੈਸ਼ਨ
- ਕਿਤਾਬਾਂ ਅਤੇ ਵੀਡੀਓ ਦੀ ਵਿਸਥਾਰਿਤ ਲਾਇਬਰੇਰੀ
- ਸਾਮਾਨ ਬਨਾਣ ਵਾਲਿਆਂ ਦੀ ਸਾਲਾਨਾ ਮੀਟਿੰਗ
- ਸਾਡੀ ਖਬਰਾਂ ਦੀ ਚਿੱਠੀ ਵਿਚ ਕਥਾਚਿਤ ਲੇਖ
- ਵੈਬਸਾਈਟ ਅਤੇ ਸਬੰਧਿਤ ਲਿੰਕ

ਔਸਟੋਮੀ ਟਰਾਂਟੋ ਕਿਤਾਬਾਂ ਅਤੇ ਵੀਡੀਓ ਦਾ ਕਾਫੀ ਸਟੌਕ ਆਮ ਜਨਤਾ ਵਾਸਤੇ ਬਨਾਏ ਰੱਖਦੀ ਹੈ। ਇਹ ਸਾਧਨ ਸੰਪਨ ਸੈਂਟਰ ਆਰਾਮ ਦਾਇਕ, ਪਰਾਈਵੇਟ ਜਗਹ ਪ੍ਰਦਾਨ ਕਰਦੀ ਹੈ ਜਿਥੇ ਮਿਲਣ ਵਾਲੇ ਕਿਤਾਬਾਂ ਪੜ੍ਹ ਸਕਦੇ ਹਨ, ਵੀਡੀਓ ਵੇਖ ਸਕਦੇ ਹਨ ਅਤੇ ਉਥੇ ਹੀ ਸਾਡੇ ਵਾਲੰਟੀਅਰਾਂ ਤੋਂ ਵਧੇਰੇ ਜਾਣਕਾਰੀ ਲੈ ਸਕਦੇ ਹਨ।

ਸਾਡਾ ਸਾਧਨ ਸੰਪਨ ਸੈਂਟਰ ਕਮਰਾ ਨੰਬਰ 501, 344 ਬਲੂਅਰ ਸਟਰੀਟ ਵੈਸਟ ਤੇ ਸਥਿਤ ਹੈ, ਬਲੂਅਰ ਅਤੇ ਸਪੇਦਾਈਨਾ ਦੇ ਕੋਨੇ ਤੇ। ਆਣ ਵਾਸਤੇ ਕ੍ਰਿਪਾ ਕਰਕੇ ਪਹਿਲਾਂ ਫੋਨ ਕਰੋ, 416-596-7718 ਤੇ।

## ਸੋਸ਼ਲ ਨੈਟਵਰਕਿੰਗ

- ਮਾਸਿਕ ਜਨਰਲ ਮੀਟਿਗਾਂ
- ਸਾਲਾਨਾ ਕਾਨਫਰੰਸ – ਔਸਟੋਮੀ ਕਨੇਡਾ
- ਮੁਲਾਕਾਤ ਕਰਨ ਵਾਲਿਆਂ ਦੀ ਟਰੇਨਿੰਗ
- ਸਾਲਾਨਾ ਗੋਲਫ ਟੂਰਨਾਮੈਂਟ
- ਯੁਵਕ ਕੈਂਪ
- ਯੂਥ ਮੈਂਬਰ 20/40 ਗਰੁੱਪ

## ਮੁਲਾਕਾਤ ਵਾਸਤੇ ਪ੍ਰੋਗ੍ਰਾਮ

ਔਸਟੋਮੀ ਟਰਾਂਟੋ ਕੋਲ 25 ਤੋਂ ਵੱਧ ਮੈਂਬਰ ਹਨ ਜਿਹਨਾਂ ਨੇ ਉਹਨਾਂ ਲੋਕਾਂ ਲਈ ਜਿਹਨਾਂ ਦੀ ਹੁਣੇ ਹੀ ਔਸਟੋਮੀ ਸਰਜਰੀ ਹੋਈ ਹੈ, ਵਾਸਤੇ ਫੋਨ ਤੇ ਜਾਂ ਆਪ ਆ ਕੇ ਮਦਦ ਕਰਨ ਦੀ ਟਰੇਨਿੰਗ ਲਈ ਹੋਈ ਹੈ।

ਮੁਲਾਕਾਤ ਦੇ ਪ੍ਰੋਗ੍ਰਾਮ ਨੈਤਿਕ ਮਦਦ, ਲਿਟਰੇਚਰ ਅਤੇ ਮੈਡੀਕਲ ਤੋਂ ਬਾਹਰਲੇ ਸਵਾਲਾਂ ਦੇ ਜਵਾਬ ਪ੍ਰਦਾਨ ਕਰਦੇ ਹਨ।

ਮੁਲਾਕਾਤੀ ਆਦਮੀ, ਔਰਤਾਂ ਜੋ ਕਿ ਹਰ ਉਮਰ ਅਤੇ ਹਰ ਪਿਛੋਕੜ ਦੇ ਹੁੰਦੇ ਹਨ। ਉਹ ਹਥੀਂ ਕੰਮ ਕਰਨ ਵਾਲੇ ਮਜ਼ਦੂਰ, ਪ੍ਰਬੰਧਕ ਅਧਿਕਾਰੀ, ਘਰੇਲੂ ਜਾਂ ਮਾਡਲ ਹੋ ਸਕਦੇ ਹਨ ਪਰ ਉਹਨਾਂ ਦਾ ਇਕ ਸਾਂਝਾ ਰਿਸ਼ਤਾ ਹੈ, ਔਸਟੋਮੀ ਨਾਲ ਇਕ ਵਧੀਆ ਜੀਵਨ ਜੀਣਾ।

ਜਿਥੇ ਵੀ ਹੋ ਸਕਦਾ ਹੈ, ਮੁਲਾਕਾਤੀ ਮਰੀਜ਼ ਦੀਆਂ ਲੋੜਾਂ ਅਤੇ ਪਰਿਵਾਰ ਦੇ ਮੁਤਾਬਿਕ ਮਿਲਾਏ ਜਾਂਦੇ ਹਨ (ਇਕੋ ਤਰਾਂ ਦੀ ਸਰਜਰੀ, ਲਿੰਗ ਅਤੇ ਉਮਰ ਦੀ ਨੇੜਤਾ ਦੇ ਹਿਸਾਬ ਨਾਲ)।

ਸਾਡੇ ਮੁਲਾਕਾਤ ਦੇ ਪ੍ਰੋਗ੍ਰਾਮਾਂ ਵਿਚ ਸ਼ਾਮਿਲ ਹੈ, ਘਰ ਆਣਾ, ਪਤੀ/ਪਤਨੀ ਦੀ ਮਦਦ ਅਤੇ ਲੋੜ ਪੈਣ ਤੇ ਇੰਟਰਪਰੈਟਰ।

ਮਰੀਜ਼ਾਂ ਦਾ ਅਕਸਰ ਕਹਿਣਾ ਹੈ ਕਿ ਸਾਡੇ ਮੁਲਾਕਾਤ ਕਰਨ ਵਾਲੇ ਉਹਨਾਂ ਨੂੰ ਆਪਣੀ ਹਾਲਤ ਦੇ ਮੁਤਾਬਿਕ ਬਦਲਣ ਵਾਸਤੇ ਹੌਸਲਾ ਦਿੰਦੇ ਹਨ।

ਮੁਲਾਕਾਤ ਵਾਸਤੇ ਬੇਨਤੀ ਲਈ ਕ੍ਰਿਪ ਾਕਰਕੇ ਸਾਡੇ ਦਫਤਰ ਤੇ 416-596-7718 ਫੋਨ ਕਰੋ ਜਾਂ ਈ-ਮੇਲ ਕਰੋ info@ostomytoronto.com

UOA CANADA

ਔਸਟੋਮੀ ਟਰਾਂਟੋ **ਯੂਨਾਈਟਿਡ ਔਸਟੋਮੀ ਐਸੋਸੀਏਸ਼ਨ ਆਫ ਕੈਨੇਡਾ ਇੰਕ** ਦਾ ਕਾਂਡ ਮੈਂਬਰ ਹੈ।

## ਜਾਣਕਾਰੀ ਲਈ ਬੇਨਤੀ

ਨਾਮ: ____________

ਐਡਰੈਸ: ____________

ਸ਼ਹਿਰ: ____________

ਸੂਬਾ: ____________

ਪੋਸਟਲ ਕੋਡ: ____________

ਟੈਲੀਫੋਨ: ____________

ਈ ਮੇਲ: ____________

ਕਿਹੜੀ ਜਾਣਕਾਰੀ ਤੁਸੀਂ ਪ੍ਰਾਪਤ ਕਰਨਾ ਚਾਹੋਗੇ: ____________